**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/79723-742
ਮਿਤੀ ਚੰਡੀਗੜ੍ਹ 15.12.09

**ਵਿਸ਼ਾ:-ਕਲੱਸਟਰ ਅਤੇ ਬਲਾਕ ਪੱਧਰ ਗੁਣਾਂਤਮਿਕ ਸਿੱਖਿਆ ਦੇ ਮੁਕਾਬਲੇ ਕਰਵਾਉਣ ਸਬੰਧੀ।**
**ਹਵਾਲਾ: ਏ.ਐਸ.ਪੀ.ਡੀ /ਮੀਡੀਆ /2009/69020 ਮਿਤੀ ਚੰਡੀਗੜ੍ਹ 23.9.09 ਅਤੇ ਏ.ਐਸ.ਪੀ.ਡੀ/ਮੀਡੀਆ/2009/72877-72896 ਮਿਤੀ ਚੰਡੀਗੜ੍ਹ 20.10.09।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਬੱਚਿਆਂ ਨੂੰ ਵੱਖ-ਵੱਖ ਮਹਿਲਾਂ ਅੰਦਰ ਬਿਠਾ ਕੇ ਉਹਨਾਂ ਨੂੰ ਉਹਨਾਂ ਦੇ ਸਿੱਖਣ ਪੱਧਰ ਅਨੁਸਾਰ ਸਿਖਾਇਆ ਜਾ ਰਿਹਾ ਹੈ। ਬਹੁਤ ਸਾਰੇ ਅਧਿਆਪਕਾਂ ਦੇ ਇਸ ਪੱਖੋਂ ਯਤਨ ਸੁਹਿਰਦ ਵੀ ਹਨ। ਅਤੇ ਇਹ ਅਧਿਆਪਕ ਆਪਣੀ ਮਿਹਨਤ ਨਾਲ ਆਪਣੇ ਸਕੂਲ ਦੇ ਨਤੀਜਿਆਂ ਨੂੰ ਸੁਧਾਰਨ ਪੱਖੋਂ ਅਣਥੱਕ ਕੋਸ਼ਿਸ਼ਾਂ ਵੀ ਕਰ ਰਹੇ ਹਨ। ਇਹਨਾਂ ਅਧਿਆਪਕਾਂ ਦੀਆਂ ਬੱਚਿਆਂ ਦੀ ਕੀਤੀ ਮਿਹਨਤ ਤੇ ਦੂਸਰੇ ਸਕੂਲਾਂ ਲਈ ਰੋਲ ਮਾਡਲ ਵਜੋਂ ਸਾਹਮਣੇ ਆਉਣੀ ਚਾਹੀਦੀ ਹੈ। ਇਸ ਲਈ ਬੀ.ਐਮ.ਟੀ. ਅਤੇ ਸੀ.ਐਮ.ਟੀ. ਆਪਣੇ ਬਲਾਕ/ਕਲੱਸਟਰ ਪੱਧਰ ਤੇ ਸਕੂਲਾਂ ਦੇ ਵੱਖ-ਵੱਖ ਮਹਿਲਾਂ 'ਚ ਬੱਚਿਆਂ ਦੀ ਕੀਤੀ ਤਰੱਕੀ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰਨ ਵਜੋਂ ਅਤੇ ਸਕੂਲ ਦੀ ਕਾਰਗੁਜ਼ਾਰੀ ਨੂੰ ਦੂਸਰੇ ਸਕੂਲਾਂ ਨੂੰ ਦਿਖਾਉਣ ਪੱਖੋਂ ਬਲਾਕ/ਕਲੱਸਟਰ ਪੱਧਰ ਤੇ ਸਕੂਲਾਂ ਦੇ ਆਪਸ ਵਿੱਚ ਮੁਕਾਬਲੇ ਕਰਵਾਉਣ। ਇਹ ਮੁਕਾਬਲੇ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਭਾਸ਼ਾ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਕਰਵਾਏ ਜਾਣ। ਇਸ ਤੋਂ ਇਲਾਵਾ ਰੀਡਿੰਗ ਸੈੱਲ, ਡਰਾਇੰਗ, ਸੁੰਦਰ ਲਿਖਾਈ ਆਦਿ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ।

3.0 ਇਹ ਮੁਕਾਬਲੇ ਮਹੀਨੇ ਦੇ ਆਖ਼ਰੀ ਸ਼ਨੀਵਾਰ ਕਰਵਾਏ ਜਾਣ।

4.0 ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਸੀ.ਐਮ.ਟੀ/ ਬੀ.ਐਮ.ਟੀ. ਦੀ ਹੋਵੇਗੀ। ਮੁਕਾਬਲਿਆਂ ਵਿੱਚ ਜੇਤੂ ਰਹੇ ਬੱਚਿਆਂ ਨੂੰ ਉਤਸ਼ਾਹ ਵਜੋਂ ਜੁਮੈਟਰੀ ਬਾਕਸ, ਕਿਤਾਬਾਂ, ਪੈਨਸਿਲਾਂ, ਕਾਪੀਆਂ ਆਦਿ ਇਨਾਮ ਵੀ ਦਿੱਤੇ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 79743 ਮਿਤੀ 15-12-09

ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**